**ਪੰਜਾਬ ਵਿਧਾਨ ਸਭਾ ਸਕੱਤਰੇਤ**

(ਵਿਧਾਨ ਸ਼ਾਖਾ)

ਨੰ: 8-ਐਲ.ਏ.-2023/ 4254

ਵੱਲੋਂ

ਸੁਰਿੰਦਰ ਪਾਲ,
ਸਕੱਤਰ।

ਸੇਵਾ ਵਿਚ

**ਪੰਜਾਬ ਵਿਧਾਨ ਸਭਾ ਦੇ ਸਮੂਹ ਮੈਂਬਰ ਸਾਹਿਬਾਨ ।**

ਮਿਤੀ ਚੰਡੀਗੜ੍ਹ, 08 ਮਾਰਚ, 2023.

ਸ਼੍ਰੀਮਾਨ/ਸ਼੍ਰੀਮਤੀ ਜੀ,

ਮੈਨੂੰ ਆਪ ਜੀ ਨੂੰ ਇਹ ਸੂਚਿਤ ਕਰਨ ਦੀ ਹਦਾਇਤ ਹੋਈ ਹੈ ਕਿ ਵਿਧਾਨ ਸਭਾ ਦੇ ਸਮਾਗਮ ਦੌਰਾਨ ਆਪ ਵੱਲੋਂ ਉਠਾਏ ਜਾਣ ਵਾਲੇ ਮੁੱਦਿਆਂ ਉਪਰ ਦਿੱਤੇ ਜਾਣ ਵਾਲੇ ਨੋਟਿਸਿਜ਼/ ਮਤੇ, ਭਾਵ ਧਿਆਨ ਦਿਵਾਊ ਨੋਟਿਸ, ਕੰਮ ਰੋਕੋ ਪ੍ਰਸਤਾਵ, ਠੋਸ ਪ੍ਰਸਤਾਵ ਆਦਿ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਅਨੁਸਾਰ ਕੇਵਲ ਸਕੱਤਰ, ਪੰਜਾਬ ਵਿਧਾਨ ਸਭਾ ਨੂੰ ਹੀ ਦਿੱਤੇ ਜਾਣੇ ਲਾਜ਼ਮੀ ਹਨ।

ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬ ਵਿਧਾਨ ਸਭਾ ਵਿੱਚ ਦਿੱਤੇ ਜਾਣ ਵਾਲੇ ਵੱਖ-ਵੱਖ **ਨੋਟਿਸ ਸਕੱਤਰ, ਪੰਜਾਬ ਵਿਧਾਨ ਸਭਾ ਦੇ ਨਿੱਜੀ ਅਮਲੇ** ਨੂੰ ਦਿੱਤੇ ਜਾਣ ਤਾਂ ਜੋ ਇਨ੍ਹਾਂ ਦਾ ਰਿਕਾਰਡ ਵਿੱਚ ਇੰਦਰਾਜ ਕੀਤਾ ਜਾ ਸਕੇ। ਜੇਕਰ ਇਹ ਨੋਟਿਸ ਸਾਫਟ ਕਾਪੀ ਦੇ ਰੂਪ ਵਿੱਚ ਭੇਜਣੇ ਹੋਣ ਤਾਂ ਇਨ੍ਹਾਂ ਨੂੰ **ਸਕੱਤਰ, ਪੰਜਾਬ ਵਿਧਾਨ ਸਭਾ ਦੀ ਸਰਕਾਰੀ ਮੇਲ (secy-vs-punjab@nic.in)** ਤੇ ਹੀ ਭੇਜਿਆ ਜਾਵੇ, ਜੋ ਸਬੰਧਤ ਮੈਂਬਰ ਦੁਆਰਾ **ਹਸਤਾਖਰ** ਹੋਣੇ ਚਾਹੀਦੇ ਹਨ।

ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਕੇਵਲ ਉੱਕਤ ਅਨੁਸਾਰ ਪ੍ਰਾਪਤ ਹੋਣ ਵਾਲੇ ਨੋਟਿਸਾਂ ਨੂੰ ਹੀ ਨਜਿੱਠਿਆ ਜਾਵੇਗਾ।

ਵਿਸ਼ਵਾਸਪਾਤਰ,

**ਸਕੱਤਰ।**